Australian Government

actnowstaysecure.gov.au




## ਤੁਸੀਂ ਔਨਲਾਈਨ ਖ਼ਤਰੇ ਵਿਚ ਕੀ ਪਾ ਰਹੇ ਹੋ?

ਜਿਵੇਂ-ਜਿਵੇਂ ਤਕਨਾਲੋਜੀ ਦਾ ਤੇਜ਼ੀ ਨਾਲ ਵਿਸਤਾਰ ਹੋ ਰਿਹਾ ਹੈ ਅਤੇ ਅਸੀਂ ਔਨਲਾਈਨ ਜ਼ਿਆਦਾ ਸਮਾਂ ਬਿਤਾਉਂਦੇ ਹਾਂ, ਆਸਟ੍ਰੇਲੀਆ ਦੇ ਲੋਕਾਂ ਨੂੰ ਸਾਈਬਰ ਹਮਲਿਆਂ ਦੇ ਸ਼ਿਕਾਰ ਹੋਣ ਦਾ ਖ਼ਤਰਾ ਬਣਿਆ ਰਹਿੰਦਾ ਹੈ।

ਐਕਟ ਨਾਓ (ਹੁਣੇ ਕੱਦਮ ਚੁਕੋ )। ਸਟੇਅ ਸਿਕਓਰ (ਸੁਰੱਖਿਅਤ ਰਹੋ)। ਮੁਹਿੰਮ ਆਸਟ੍ਰੇਲੀਆ ਦੇ ਲੋਕਾਂ ਨੂੰ ਉਹਨਾਂ ਸਧਾਰਨ ਸਾਈਬਰ ਸੁਰੱਖਿਅਤ ਕਾਰਵਾਈਆਂ ਬਾਰੇ ਸਿੱਖਿਅਤ ਕਰ ਰਹੀ ਹੈ ਜੋ ਹਰ ਕੋਈ ਆਪਣੇ ਆਪ ਨੂੰ ਔਨਲਾਈਨ ਸੁਰੱਖਿਅਤ ਰੱਖਣ ਲਈ ਕਰ ਸਕਦਾ ਹੈ।

**ਐਕਟ ਨਾਓ। ਸਟੇਅ ਸਿਕਓਰ।**

## ਔਨਲਾਈਨ ਸੁਰੱਖਿਅਤ ਕਿਵੇਂ ਰਹਿਣਾ ਹੈ

### ਹਰੇਕ ਅਕਾਊਂਟ (ਖਾਤੇ) ਲਈ ਇੱਕ ਵਿਲੱਖਣ ਅਤੇ ਮਜ਼ਬੂਤ ਪਾਸਫ੍ਰੇਜ਼ (ਛੋਟੇ ਵਾਕ) ਦੀ ਵਰਤੋਂ ਕਰੋ।

ਆਪਣੇ ਹਰੇਕ ਔਨਲਾਈਨ ਅਕਾਊਂਟ ਲਈ ਇੱਕ ਵਿਲੱਖਣ ਅਤੇ ਮਜ਼ਬੂਤ ਪਾਸਫ੍ਰੇਜ਼ ਦੀ ਵਰਤੋਂ ਕਰਨਾ ਸਭ ਤੋਂ ਪ੍ਰਭਾਵਸ਼ਾਲੀ ਕਾਰਵਾਈਆਂ ਵਿੱਚੋਂ ਇੱਕ ਹੈ ਜੋ ਤੁਸੀਂ ਔਨਲਾਈਨ ਸੁਰੱਖਿਅਤ ਰਹਿਣ ਲਈ ਕਰ ਸਕਦੇ ਹੋ।

ਪਾਸਫ੍ਰੇਜ਼ ਇੱਕ ਵਧੇਰੇ ਸੁਰੱਖਿਅਤ ਪਾਸਵਰਡ ਹੁੰਦਾ ਹੈ। ਇਸ ਵਿੱਚ ਬੇਤਰਤੀਬ ਸ਼ਬਦਾਂ ਦਾ ਇੱਕ ਕ੍ਰਮ ਹੁੰਦਾ ਹੈ। ਇਹ ਤੁਹਾਡੇ ਲਈ ਯਾਦ ਰੱਖਣਾ ਆਸਾਨ ਹੁੰਦਾ ਹੈ ਪਰ ਸਾਈਬਰ ਅਪਰਾਧੀਆਂ ਲਈ ਅੰਦਾਜ਼ਾ ਲਗਾਉਣਾ ਔਖਾ ਹੁੰਦਾ ਹੈ।

ਮਜ਼ਬੂਤ ਅਤੇ ਵਿਲੱਖਣ ਹੋਣ ਲਈ, ਯਕੀਨੀ ਬਣਾਓ ਕਿ ਤੁਹਾਡੇ ਪਾਸਫ੍ਰੇਜ਼ ਵਿਚ:

- ✓ ਚਾਰ ਜਾਂ ਵੱਧ ਬੇਤਰਤੀਬ ਸ਼ਬਦ ਹੋਣ
- ✓ 15 ਜਾਂ ਵੱਧ ਅੱਖਰ ਸ਼ਾਮਲ ਹਨ
- ✓ ਹਰੇਕ ਅਕਾਊਂਟ ਲਈ ਵੱਖਰੇ ਹਨ
- ✓ ਪਛਾਣ ਸੰਬੰਧੀ ਜਾਣਕਾਰੀ ਸ਼ਾਮਲ ਨਾ ਕਰੋ ਜਿਵੇਂ ਕਿ ਪਰਿਵਾਰਕ ਨਾਮ, ਜਨਮ ਤਾਰੀਖ ਜਾਂ ਪਤੇ
- ✓ ਜੇਕਰ ਵੈੱਬਸਾਈਟ ਜਾਂ ਸੇਵਾ ਦੁਆਰਾ ਲੋੜੀਂਦਾ ਹੋਵੇ ਤਾਂ ਚਿੰਨ੍ਹ, ਵੱਡੇ ਅੱਖਰ, ਜਾਂ ਨੰਬਰ ਸ਼ਾਮਲ ਕਰੋ।

ਆਪਣੇ ਵਿਲੱਖਣ ਪਾਸਫ੍ਰੇਜ਼ ਬਣਾਉਣ ਅਤੇ ਸਟੋਰ ਕਰਨ ਲਈ ਪਾਸਵਰਡ ਮੈਨੇਜਰ ਦੀ ਵਰਤੋਂ ਕਰਨ 'ਤੇ ਵਿਚਾਰ ਕਰੋ।

### ਆਪਣੇ ਡਿਵਾਈਸਾਂ (ਯੰਤਰਾਂ) ਨੂੰ ਸੁਰੱਖਿਅਤ ਰੱਖਣ ਲਈ ਸਾਰੇ ਸਾਫਟਵੇਅਰ ਅੱਪਡੇਟ ਇੰਸਟਾਲ ਕਰੋ।

ਆਪਣੇ ਆਪ ਨੂੰ ਔਨਲਾਈਨ ਸੁਰੱਖਿਅਤ ਰੱਖਣ ਲਈ ਆਪਣੇ ਸਾਰੇ ਇੰਟਰਨੈੱਟ ਨਾਲ ਜੁੜੇ ਡਿਵਾਈਸਾਂ (ਜਿਵੇਂ ਕਿ ਤੁਹਾਡਾ ਫ਼ੋਨ, ਲੈਪਟਾਪ ਜਾਂ ਸਮਾਰਟ ਘੜੀ) ਲਈ ਹਮੇਸ਼ਾ ਸਾਫਟਵੇਅਰ ਅੱਪਡੇਟ ਇੰਸਟਾਲ ਕਰਨਾ ਬਹੁਤ ਜ਼ਰੂਰੀ ਹੈ।

ਸਾਫਟਵੇਅਰ ਅੱਪਡੇਟ ਤੁਹਾਡੇ ਡਿਵਾਈਸਾਂ ਦੀ ਸੁਰੱਖਿਆ ਵਿੱਚਲੀਆਂ ਕਮਜ਼ੋਰੀਆਂ ਜਾਂ ਕਮੀਆਂ ਨੂੰ ਠੀਕ ਕਰਦੇ ਹਨ। ਨਿਯਮਤ ਅੱਪਡੇਟ ਇੰਸਟਾਲ ਕਰਨ ਨਾਲ ਤੁਹਾਡੇ ਡਿਵਾਈਸ ਸੁਰੱਖਿਅਤ ਰਹਿਣਗੇ ਅਤੇ ਸਾਈਬਰ ਅਪਰਾਧੀਆਂ ਲਈ ਉਹਨਾਂ ਤੱਕ ਪਹੁੰਚ ਕਰਨਾ ਔਖਾ ਹੋ ਜਾਵੇਗਾ।

ਆਟੋਮੈਟਿਕ ਅੱਪਡੇਟ ਨੂੰ ਚਾਲੂ ਕਰੋ ਅਤੇ ਪੁੱਛੇ ਜਾਣ 'ਤੇ ਉਹਨਾਂ ਨੂੰ ਇੰਸਟਾਲ ਕਰਨਾ ਯਕੀਨੀ ਬਣਾਓ।

### ਹਮੇਸ਼ਾ ਮਲਟੀ-ਫੈਕਟਰ ਪ੍ਰਮਾਣਿਕਤਾ ਸੈੱਟਅੱਪ ਕਰੋ

ਆਪਣੇ ਸਾਰੇ ਔਨਲਾਈਨ ਅਕਾਊਂਟਾਂ ਵਿੱਚ ਸੁਰੱਖਿਆ ਦੀ ਇੱਕ ਵਾਧੂ ਪਰਤ ਜੋੜਨ ਲਈ ਜਿੱਥੇ ਵੀ ਉਪਲਬਧ ਹੋਵੇ, ਮਲਟੀ-ਫੈਕਟਰ ਪ੍ਰਮਾਣਿਕਤਾ ਨੂੰ ਚਾਲੂ ਕਰੋ।

ਮਲਟੀ-ਫੈਕਟਰ ਪ੍ਰਮਾਣਿਕਤਾ ਲਈ ਤੁਹਾਡੇ ਅਕਾਊਂਟ ਵਿੱਚ ਲੌਗਇਨ ਕਰਨ ਲਈ ਦੋ ਜਾਂ ਵੱਧ ਤਸਦੀਕ ਵਿਧੀਆਂ ਦੀ ਲੋੜ ਹੁੰਦੀ ਹੈ। ਉਦਾਹਰਣ ਵਜੋਂ, ਆਪਣਾ ਪਾਸਵਰਡ ਜਾਂ ਪਾਸਫ੍ਰੇਜ਼ ਦਰਜ ਕਰਨ ਤੋਂ ਬਾਅਦ, ਤੁਹਾਨੂੰ ਦੂਜੀ ਤਸਦੀਕ ਪ੍ਰਦਾਨ ਕਰਨ ਲਈ ਕਿਹਾ ਜਾਵੇਗਾ ਜਿਵੇਂ ਕਿ ਇੱਕ ਪ੍ਰਮਾਣੀਕਰਣ (ਅਉਥੈਂਟੀਕੇਟਰ) ਐਪ, ਈਮੇਲ ਜਾਂ ਟੈਕਸਟ ਰਾਹੀਂ ਤੁਹਾਨੂੰ ਭੇਜਿਆ ਗਿਆ ਕੋਡ ਦਰਜ ਕਰਨਾ।

ਮਲਟੀ-ਫੈਕਟਰ ਪ੍ਰਮਾਣਿਕਤਾ ਤੁਹਾਡੇ ਅਕਾਊਂਟ ਦੀ ਰੱਖਿਆ ਕਰਦੀ ਹੈ ਭਾਵੇਂ ਤੁਹਾਡੇ ਕਿਸੇ ਹੋਰ ਪ੍ਰਮਾਣਿਕਤਾ ਵਿਧੀ (ਜਿਵੇਂ ਕਿ ਪਾਸਫ੍ਰੇਜ਼) ਨਾਲ ਸਮਝੌਤਾ ਕੀਤਾ ਗਿਆ ਹੋਵੇ।




## ਕੀ ਤੁਸੀਂ ਔਨਲਾਈਨ ਸੁਰੱਖਿਅਤ ਰਹਿਣ ਦੇ ਹੋਰ ਤਰੀਕੇ ਚਾਹੁੰਦੇ ਹੋ?

ਕੀ ਤੁਸੀਂ ਸਾਈਬਰ ਸੁਰੱਖਿਅਤ ਰਹਿਣ ਦੇ ਹੋਰ ਤਰੀਕੇ ਲੱਭ ਰਹੇ ਹੋ? ਇੱਥੇ ਕੁਝ ਹੋਰ ਕਾਰਵਾਈਆਂ ਹਨ ਜੋ ਤੁਸੀਂ ਆਪਣੇ ਆਪ ਨੂੰ ਔਨਲਾਈਨ ਸੁਰੱਖਿਅਤ ਰੱਖਣ ਲਈ ਕਰ ਸਕਦੇ ਹੋ।

### ਜਨਤਕ ਵਾਈ-ਫਾਈ ਦੀ ਵਰਤੋਂ ਕਰਦੇ ਸਮੇਂ ਸਾਵਧਾਨ ਰਹੋ

ਜਨਤਕ ਵਾਈ-ਫਾਈ ਦੀ ਵਰਤੋਂ ਕਰਦੇ ਸਮੇਂ, ਕਿਸੇ ਵੀ ਸੰਵੇਦਨਸ਼ੀਲ ਜਾਂ ਨਿੱਜੀ ਜਾਣਕਾਰੀ ਤੱਕ ਪਹੁੰਚ ਨਾ ਕਰੋ ਕਿਉਂਕਿ ਕੁਨੈਕਸ਼ਨ ਸੁਰੱਖਿਅਤ ਨਹੀਂ ਹੈ। ਇਸ ਵਿੱਚ ਤੁਹਾਡਾ ਸੋਸ਼ਲ ਮੀਡੀਆ, ਈਮੇਲ ਜਾਂ ਔਨਲਾਈਨ ਬੈਂਕਿੰਗ ਸ਼ਾਮਲ ਹੈ। ਤੁਹਾਡੇ ਵਲੋਂ ਦਰਜ ਕੀਤੀ ਗਈ ਕਿਸੇ ਵੀ ਜਾਣਕਾਰੀ ਤਕ ਸਾਈਬਰ ਅਪਰਾਧੀਆਂ ਵਲੋਂ  ਪਹੁੰਚ ਕੀਤੀ ਜਾ ਸਕਦੀ ਹੈ।

### ਆਪਣੀ ਪ੍ਰਾਈਵੇਸੀ (ਗੋਪਨੀਯਤਾ) ਅਤੇ ਲੋਕੇਸ਼ਨ (ਜਗ੍ਹਾ) ਸੈਟਿੰਗਾਂ ਨੂੰ ਨਿਯਮਿਤ ਤੌਰ 'ਤੇ ਜਾਂਚੋ ਅਤੇ ਅਪਡੇਟ ਕਰੋ

ਇਹ ਯਕੀਨੀ ਬਣਾਉਣ ਲਈ ਕਿ ਤੁਸੀਂ ਗਲਤੀ ਨਾਲ ਆਪਣੇ ਬਾਰੇ ਨਿੱਜੀ ਜਾਂ ਪਛਾਣਯੋਗ ਜਾਣਕਾਰੀ ਜਨਤਾ ਨਾਲ ਸਾਂਝੀ ਨਹੀਂ ਕਰ ਰਹੇ ਹੋ, ਆਪਣੀ ਪ੍ਰਾਈਵੇਸੀ ਅਤੇ ਲੋਕੇਸ਼ਨ ਸੈਟਿੰਗਾਂ ਦੀ ਅਕਸਰ ਜਾਂਚ ਕਰਨਾ ਮਹੱਤਵਪੂਰਨ ਹੈ।

ਜਾਂਚ ਕਰਨ ਵਾਲੀਆਂ ਸੈਟਿੰਗਾਂ ਵਿੱਚ, ਤੁਹਾਡੇ ਸੋਸ਼ਲ ਮੀਡੀਆ ਅਕਾਊਂਟਾਂ 'ਤੇ ਪ੍ਰਾਈਵੇਸੀ ਸੈਟਿੰਗਾਂ ਅਤੇ ਤੁਹਾਡੇ ਐਪਸ ਅਤੇ ਡਿਵਾਈਸਾਂ 'ਤੇ ਜਿਓ-ਲੋਕੇਸ਼ਨ (ਭੂ-ਸਥਾਨ) ਟਰੈਕਿੰਗ ਸ਼ਾਮਲ ਹਨ।

### ਸਾਈਬਰ ਸੁਰੱਖਿਅਤ ਕਿਵੇਂ ਰਹਿਣਾ ਹੈ ਇਸ ਬਾਰੇ ਦੋਸਤਾਂ ਅਤੇ ਪਰਿਵਾਰ ਨਾਲ ਗੱਲ ਕਰੋ

ਸਿੱਖਿਆ ਅਤੇ ਜਾਗਰੂਕਤਾ ਆਪਣੇ ਆਪ ਨੂੰ, ਆਪਣੇ ਪਰਿਵਾਰ ਅਤੇ ਦੋਸਤਾਂ ਨੂੰ ਔਨਲਾਈਨ ਸੁਰੱਖਿਅਤ ਰੱਖਣ ਲਈ ਬਹੁਤ ਜ਼ਰੂਰੀ ਹੈ - ਖਾਸ ਕਰਕੇ ਜੇਕਰ ਤੁਸੀਂ ਇੰਟਰਨੈੱਟ ਨਾਲ ਜੁੜੇ ਡਿਵਾਈਸਾਂ ਨੂੰ ਸਾਂਝਾ ਕਰਦੇ ਹੋ। ਆਪਣੇ ਨੈੱਟਵਰਕ ਨਾਲ ਇਸ ਬਾਰੇ ਗੱਲ ਕਰਨ ਨਾਲ ਸਾਈਬਰ ਸੁਰੱਖਿਆ ਧਿਆਨ ਵਿਚ ਸਭ ਤੋਂ ਉੱਪਰ ਰਹਿੰਦੀ ਹੈ ਅਤੇ ਇਹ ਯਕੀਨੀ ਬਣਾਇਆ ਜਾਂਦਾ ਹੈ ਕਿ ਉਹਨਾਂ ਨੂੰ ਔਨਲਾਈਨ ਆਪਣੇ ਆਪ ਨੂੰ ਕਿਵੇਂ ਸੁਰੱਖਿਅਤ ਰੱਖਣਾ ਹੈ ਇਸ ਬਾਰੇ ਨਵੀਨਤਮ ਜਾਣਕਾਰੀ ਮਿਲ ਰਹੀ ਹੈ।

### ਸਿੱਖੋ ਕਿ ਘੁਟਾਲੇ ਦੀ ਪਛਾਣ ਕਿਵੇਂ ਕਰਨੀ ਹੈ

ਘੁਟਾਲੇਬਾਜ਼ ਧੋਖੇ ਨਾਲ ਲੋਕਾਂ ਨੂੰ ਪੈਸੇ ਦੇਣ ਜਾਂ ਉਨ੍ਹਾਂ ਦੀ ਨਿੱਜੀ ਜਾਣਕਾਰੀ ਦੇਣ ਲਈ ਕਹਿੰਦੇ ਹਨ।

ਜੇਕਰ ਤੁਹਾਨੂੰ ਇਹ ਯਕੀਨ ਨਹੀਂ ਹੈ ਕਿ ਤੁਸੀਂ ਕਿਸ ਵਿਅਕਤੀ ਨਾਲ ਗੱਲਬਾਤ ਕਰ ਰਹੇ ਹੋ ਤਾਂ ਕਦੇ ਵੀ ਕਿਸੇ ਨੂੰ ਪੈਸੇ ਜਾਂ ਨਿੱਜੀ ਜਾਣਕਾਰੀ ਨਾ ਦਿਓ। ਕਿਸੇ ਅਧਿਕਾਰਤ ਵੈੱਬਸਾਈਟ ਜਾਂ ਐਪ ਤੋਂ ਖੁਦ ਆਪ ਲੱਭੇ ਵੇਰਵਿਆਂ ਦੀ ਵਰਤੋਂ ਕਰਕੇ ਵਿਅਕਤੀ ਜਾਂ ਸੰਸਥਾ ਨਾਲ ਸੰਪਰਕ ਕਰਕੇ ਜਾਂਚ ਕਰੋ।

### ਸਾਈਬਰ ਹਮਲਿਆਂ ਅਤੇ ਘਟਨਾਵਾਂ ਦੀ ਰਿਪੋਰਟ ਕਰੋ

ਘਪਲਿਆਂ ਜਾਂ ਸਾਈਬਰ ਘਟਨਾਵਾਂ ਦੀ ਰਿਪੋਰਟ ਕਰਨਾ ਸਰਕਾਰ ਨੂੰ ਨਵੇਂ ਰੁਝਾਨਾਂ ਦੀ ਪਛਾਣ ਕਰਨ, ਭਾਈਚਾਰੇ ਨੂੰ ਸੁਚੇਤ ਕਰਨ ਅਤੇ ਸਾਈਬਰ ਘਟਨਾ ਤੋਂ ਉਭਰਨ ਵਿੱਚ ਤੁਹਾਡੀ ਮਦਦ ਕਰਨ ਲਈ ਬਹੁਤ ਜ਼ਰੂਰੀ ਹੈ।

ਆਪਣੇ ਆਪ ਨੂੰ ਸੁਰੱਖਿਅਤ ਰੱਖਣ ਲਈ ਸਧਾਰਨ ਕਦਮ ਸਿੱਖਣ ਲਈ actnowstaysecure.gov.au 'ਤੇ ਜਾਓ।

ਐਕਟ ਨਾਓ।
ਸਟੇਅ ਸਿਕਓਰ।
actnowstaysecure.gov.au